The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

16 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

## ਨਾਗਰਿਕਤਾ ਕਾਨੂੰਨ 'ਤੇ ਹਿੰਸਾ : ਦਿੱਲੀ ਪੁਲਿਸ ਨੇ ਜਾਮੀਆ ਵਿਚ ਵੜਕੇ ਵਿਦਿਆਰਥੀਆਂ ਨੂੰ ਕੁਟਿਆ



☛ ਦਿੱਲੀ ਵਿਚ ਭੀੜ ਨੇ 4 ਬੱਸਾਂ ਸਮੇਤ 8 ਗੱਡੀਆਂ ਨੂੰ ਲਾਈ ਅੱਗ
☛ ਲਾਠੀਚਾਰਜ ਵਿਚ 100 ਦੇ ਕਰੀਬ ਵਿਦਿਆਰਥੀ ਜ਼ਖਮੀ





ਪੁਲਿਸ ਕਾਰਵਾਈ ਦੇ ਦੌਰਾਨ ਵਿਦਿਆਰਥੀ ਬੈਂਚਾਂ ਦੇ ਹੇਠਾਂ ਲੁੱਕੇ। ਬਾਅਦ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਹੱਥ ਉਠਾ ਕੇ ਗੇਟ ਤੋਂ ਬਾਹਰ ਨਿਕਲੇ।

# ਨਾਗਰਕਿਤਾ ਕਾਨੂੰਨ ਖਿਲਾਫ ਦਿੱਲੀ 'ਚ ਉਬਾਲ, ਵਾਹਨਾਂ ਨੂੰ ਲਾਈ ਅੱਗ

**ਨਾਗਰਕਿਤਾ ਕਾਨੂੰਨ ਖਿਲਾਫ ਲੋਕਾਂ ਵਿੱਚ ਰੋਹ ਵਧਦਾ ਜਾ ਰਿਹਾ ਹੈ। ਦਿੱਲੀ ਦੀਆਂ ਸੜਕਾਂ ਉੱਪਰ ਵੀ ਹਿੰਸਕ ਪ੍ਰਦਰਸ਼ਨ ਨਜ਼ਰ ਆਇਆ। ਦਿੱਲੀ ਦੀ ਜਾਮੀਆ-ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਰੋਸ ਮਾਰਚ ਕੱਢਿਆ ਜੋ ਹਿੰਸਕ ਰੂਪ ਧਾਰ ਗਿਆ।**

ਨਵੀਂ ਦਿੱਲੀ: ਨਾਗਰਕਿਤਾ ਕਾਨੂੰਨ ਖਿਲਾਫ ਲੋਕਾਂ ਵਿੱਚ ਰੋਹ ਵਧਦਾ ਜਾ ਰਿਹਾ ਹੈ। ਅੱਜ ਦਿੱਲੀ ਦੀਆਂ ਸੜਕਾਂ ਉੱਪਰ ਵੀ ਹਿੰਸਕ ਪ੍ਰਦਰਸ਼ਨ ਨਜ਼ਰ ਆਇਆ। ਦਿੱਲੀ ਦੀ ਜਾਮੀਆ-ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਰੋਸ ਮਾਰਚ ਕੱਢਿਆ ਜੋ ਹਿੰਸਕ ਰੂਪ ਧਾਰ ਗਿਆ।ਪ੍ਰਦਰਸ਼ਨਕਾਰੀਆਂ ਨੇ ਤਿੰਨ ਬੱਸਾਂ ਤੇ ਕੁਝ ਮੋਟਰਸਾਈਕਲਾਂ ਨੂੰ ਅੱਗ ਲਾ ਦਿੱਤੀ। ਅੱਗ ਬਝਾਉਣ ਆਏ ਫਾਇਰ ਬ੍ਰਗੇਡ ਦੀ ਗੱਡੀ ਉਪਰ ਵੀ ਹਮਲਾ ਕੀਤਾ ਗਿਆ। ਇਸ ਵਿੱਚ ਅੱਗ ਬੁਝਾਊ ਦਸਤੇ ਦੇ ਦੋ ਮੈਂਬਰ ਜ਼ਖ਼ਮੀ ਹੋ ਗਏ। ਪੁਲਿਸ ਨੇ ਵਿਦਿਆਰਥੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਦਾਗੇ।ਇਸ ਰੋਸ ਪ੍ਰਦਰਸ਼ਨ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਆਮ ਲੋਕ ਵੀ ਸ਼ਾਮਲ ਹੋਏ। ਪੁਲਿਸ ਕਈ ਸੜਕਾਂ ਬੰਦ ਕਰ ਦਿੱਤੀਆਂ ਹਨ। ਉਧਰ ਜਾਮੀਆ ਯੂਨੀਵਰਸਿਟੀ ਪੰਜ ਜਨਵਰੀ ਤੱਕ ਬੰਦ ਕਰ ਦਿੱਤੀ ਗਈ ਹੈ।

## ਨਿਊਜ਼ੀਲੈਂਡ ਦੇ ਸਾਬਕਾ ਓਲੰਪਿਕ ਚੈਂਪੀਅਨ ਸਨੇਲ ਦਾ ਦਿਹਾਂਤ

ਵਲਿੰਗਟਨ : 3 ਵਾਰ ਦੇ ਓਲੰਪਿਅਨ ਚੈਂਪੀਅਨ ਅਤੇ ਵਰਲਡ ਮੀਲ ਰਿਕਾਰਡ ਧਾਰਕ ਪੀਟਰ ਸਨੇਲ ਦਾ ਡਲਾਸ ਵਿਚ ਦਿਹਾਂਤ ਹੋ ਗਿਆ। ਉਹ 80 ਸਾਲ ਦੇ ਸੀ। ਮੱਧ ਦੂਰੀ ਦੇ ਮਹਾਨ ਦੌੜਾਕਾਂ ਵਿਚੋਂ ਇਕ ਮੰਨੇ ਜਾਣ ਵਾਲੇ ਸਨੇਲ ਨੇ 1960 ਰੋਮ ਓਲੰਪਿਕ ਵਿਚ 21 ਸਾਲ ਦੀ ਉਮਰ ਵਿਚ 800 ਮੀਟਰ ਦੌੜ ਦਾ ਖਿਤਾਬ ਜਿੱਤਿਆ। ਉਹ ਟੋਕੀਓ 1964 ਖੇਡਾਂ ਵਿਚ 800 ਅਤੇ 1500 ਮੀਟਰ ਦਾ ਦੋਹਰਾ ਖਿਤਾਬ ਜਿੱਤਣ ਵਿਚ ਸਫਲ ਰਹੇ। ਉਹ 1920 ਤੋਂ ਬਾਅਦ ਇਕ ਹੀ ਓਲੰਪਿਕ ਵਿਚ 800 ਮੀਟਰ ਅਤੇ 1500 ਮੀਟਰ ਦਾ ਖਿਤਾਬ ਜਿੱਤਣ ਵਾਲੇ ਪਹਿਲੇ ਪੁਰਸ਼ ਖਿਡਾਰੀ ਸੀ। ਉਨ੍ਹਾਂ ਤੋਂ ਬਾਅਦ ਕੋਈ ਵੀ ਦੌੜਾਕ ਇਸ ਕਾਰਨਾਮੇ ਨੂੰ ਦੋਹਰਾ ਨਹੀਂ ਸਕਿਆ।ਸਨੇਲ ਨੇ ਰਾਸ਼ਟਰਮੰਡਲ ਖੇਡਾਂ ਵਿਚ ਵੀ 2 ਸੋਨ ਤਮਗੇ ਜਿੱਤੇ।

## ਨਿਊਜੀਲੈਂਡ ਦੇ ਚਾਰ ਪ੍ਰਾਪਰਟੀ ਨਿਵੇਸ਼ਕਾਂ 'ਤੇ ਬੈਂਕ ਨੇ ਲਗਾਏ ਧੋਖਾਧੜੀ ਦੇ ਦੋਸ਼



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਚਾਰ ਜਾਇਦਾਦ ਨਿਵੇਸ਼ਕਾਂ ਉੱਤੇ ਗੰਭੀਰ ਧੋਖਾਧੜੀ ਦੇ ਦੋਸ਼ ਲਗਾਏ ਗਏ ਹਨ। ਦਫਤਰ (ਐਸਐਫਓ) ਅਨੁਸਾਰ ਧੋਖੇ ਨਾਲ ਲੱਖਾਂ ਡਾਲਰ ਘਰੇਲੂ ਕਰਜ਼ੇ ਲੈਣ ਦੇ ਦੋਸ਼ ਹਨ। ਐਸਐਫਓ ਦਫਤਰ ਨੇ ਦੋਸ਼ ਲਗਾਇਆ ਹੈ ਕਿ ਬ੍ਰਾਇਨ ਮਾਰਟਿਨ, 53, ਵਿੱਕੀ ਕੋਟਰ, 55, ਸਿਆਨ ਗ੍ਰਾਂਟ, 48, ਅਤੇ ਜੋਸ਼ੂਆ ਗ੍ਰਾਂਟ, 51, ਬੈਂਕਾਂ ਨੂੰ ਉਨ੍ਹਾਂ ਨਾਲ ਧੋਖਾਧੜੀ ਕਰਦੇ ਹਨ ਜੋ ਜ਼ਿਆਦਾਤਰ ਆਕਲੈਂਡ ਵਿੱਚ ਸਥਿਤ ਰਿਹਾਇਸ਼ੀ ਜਾਇਦਾਦਾਂ ਦੀ ਖਰੀਦ ਲਈ ਲੋਨ ਮੁਹੱਈਆ ਕਰਵਾਉਂਦੇ ਹਨ। ਸ੍ਰੀ ਮਾਰਟਿਨ ਉੱਤੇ ਧੋਖਾ ਕਰਨ ਦੇ 10 ਦੋਸ਼ ਹਨ, ਜਦੋਂਕਿ ਸ੍ਰੀਮਤੀ ਕੋਟਰ ਧੋਖਾਧੜੀ ਕਰਨ ਦੇ ਚਾਰ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਇਨਾਂ ਨੂੰ 18 ਫਰਵਰੀ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਮੁੜ ਪੇਸ਼ ਹੋਣ ਲਈ ਜ਼ਮਾਨਤ 'ਤੇ ਭੇਜ ਦਿੱਤਾ ਗਿਆ ਹੈ।

## ਨਿਊਜ਼ੀਲੈਂਡ ਜਵਾਲਾਮੁਖੀ ਹਾਦਸੇ 'ਚ ਹੁਣ ਤਕ 15 ਲੋਕਾਂ ਦੀ ਮੌਤ, ਹੋਰ 25 ਦੀ ਹਾਲਤ ਗੰਭੀਰ

ਵਲਿੰਗਟਨ— ਨਿਊਜ਼ੀਲੈਂਡ ਦੇ ਸੈਲਾਨੀਆਂ ਦੇ ਬੇਹੱਦ ਪਸੰਦੀਦਾ ਵ੍ਹਾਈਟ ਟਾਪੂ 'ਤੇ ਜਵਾਲਾਮੁਖੀ ਫਟਣ ਦੀ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 15 ਹੋ ਗਈ। ਸਥਾਨਕ ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਬਚਾਅ ਦਲ ਨੂੰ ਟਾਪੂ 'ਤੇ ਲਾਪਤਾ ਦੋ ਲੋਕਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਜਦਕਿ ਮ੍ਰਿਤਕਾਂ ਦੀ ਗਿਣਤੀ ਵਧ ਕੇ 15 ਹੋ ਗਈ ਹੈ। ਜਵਾਲਾਮੁਖੀ ਫਟਣ ਕਾਰਨ 55 ਲੋਕ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ 25 ਦੀ ਸਥਿਤੀ ਗੰਭੀਰ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸ਼ੀਨਵਾਰ ਤੇ ਐਤਵਾਰ ਸਵੇਰੇ ਟਾਪੂ ਅਤੇ ਸਮੁੰਦਰ 'ਚ ਤਲਾਸ਼ੀ ਮੁਹਿੰਮ ਚਲਾਈ ਗਈ ਪਰ ਮ੍ਰਿਤਕਾਂ ਦਾ ਕੁੱਝ ਵੀ ਪਤਾ ਨਹੀਂ ਲੱਗ ਸਕਿਆ। ਨਿਊਜ਼ੀਲੈਂਡ ਦੇ ਡਿਪਟੀ ਕਮਿਸ਼ਨਰ ਮਾਈਕ ਕਲੇਮੇਂਟ ਨੇ ਪੱਤਰਕਾਰਾਂ ਨੂੰ ਦੱਸਿਆ, "ਪੁਲਸ ਆਸਾਨੀ ਨਾਲ ਹਾਰ ਨਹੀਂ ਮੰਨੇਗੀ ਪਰ ਅਸੀਂ ਉਹ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜੋ ਅਸੀਂ ਕਰ ਸਕਦੇ ਸੀ।" ਇਸ ਦੇ ਇਲਾਵਾ ਹਸਪਤਾਲ 'ਚ ਇਲਾਜ ਲਈ ਭਰਤੀ ਇਕ ਪੀੜਤ ਦੀ ਸ਼ਨੀਵਾਰ ਰਾਤ ਨੂੰ ਮੌਤ ਹੋ ਗਈ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਨੇ ਸ਼ਨੀਵਾਰ ਨੂੰ ਕਿਹਾ ਕਿ ਜਵਾਲਾਮੁਖੀ ਹਾਦਸੇ ਦੇ ਪੀੜਤਾਂ ਨੂੰ ਸੋਮਵਾਰ ਨੂੰ ਦੇਸ਼ ਭਰ 'ਚ ਸ਼ਰਧਾਂਜਲੀ ਦਿੱਤੀ ਜਾਵੇਗੀ। ਇਹ ਹਾਦਸਾ ਅਸਲ 'ਚ 11 ਦਸੰਬਰ ਨੂੰ ਵਾਪਰਿਆ ਸੀ ਜਦ ਹੋਰ ਦੇਸ਼ਾਂ ਤੋਂ ਆਏ ਸੈਲਾਨੀ ਟਾਪੂ 'ਤੇ ਘੁੰਮ ਰਹੇ ਸਨ। ਮ੍ਰਿਤਕਾਂ 'ਚ ਆਸਟ੍ਰੇਲੀਆ, ਅਮਰੀਕਾ, ਬ੍ਰਿਟੇਨ, ਚੀਨ ਅਤੇ ਮਲੇਸ਼ੀਆ ਦੇ ਸੈਲਾਨੀ ਸ਼ਾਮਲ ਸਨ।



Winner Trusted Brand 2013-2019 Reader's Digest Real Estate Agencies
Harcourts



Brick & Tile Must Go!!

Why? Owners have moved out of town, heading for retirement and must cash out. Change of plans made this decision difficult as it was to be longer term. Bought as an investment and have had great tenants that are hoping not to move out. If you're an investor, you'll be all set up to go with no waiting period of finding suitable tenants or waiting for a six-week settlement period.

If you're a first-time buyer or someone looking for proximity to shops, trains, motorways or Middlemore Hospital then this home has it all.

Don't wait, ignore any past price, owners are more motivated than ever to sell this home and move on.

Call us now or watch online for viewing times.

SET DATE OF SALE: Wednesday, 4th December 2019 at 12:00pm, Harcourts Otahuhu Office, 507b Great South Road, Otahuhu (Unless sold prior)

Ann Lereculey 021 976 136
E: ann.lereculey@harcourts.co.nz
Phil Sulusulu 021 976 137
E: phil.sulusulu@harcourts.co.nz
Office Name: Harcourts
Reliable Real Estate Ltd REAA 2008

